ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

(ਸੀਕਰੇਸੀ ਸ਼ਾਖਾ)

ਨੰ:......4368/1......

ਮਿਤੀ......6/5/2025

## ਮਈ 2025 ਦੀਆਂ ਪ੍ਰੀਖਿਆਵਾਂ ਦੇ ਕੁਝ ਕੋਰਸਾਂ ਦੇ ਸਬੰਧ ਵਿਚ

ਉਪਰੋਕਤ ਦੇ ਸਬੰਧ ਵਿਚ ਦੱਸਿਆ ਜਾਂਦਾ ਹੈ ਕਿ ਹੇਠ ਲਿਖੇ ਕੋਰਸ ਜੋ ਕਿ ਕੁਝ ਹੀ ਚੁਨਿੰਦਾ ਕਾਲਜਾਂ ਵਿਚ ਚਲ ਰਹੇ ਹਨ। ਇਹਨਾਂ ਕੋਰਸਾਂ ਦੀਆਂ ਉੱਤਰ-ਕਾਪੀਆਂ ਦਾ ਮੁਲਾਂਕਣ ਕਰਵਾਉਣ ਵਾਸਤੇ ਦੂਸਰੇ ਕਾਲਜਾਂ ਵਿਚ ਅਧਿਆਪਕ ਉਪਲਬਧ ਨਾ ਹੋਣ ਕਰਕੇ ਮੁਲਾਂਕਣ ਕਰਵਾਉਣ ਵਿਚ ਦੇਰੀ ਹੁੰਦੀ ਹੈ। ਕੋਰਸ ਹੇਠਾਂ ਲਿਖੇ ਅਨੁਸਾਰ ਹਨ :-

| Sr. No. | Course Name |
|---|---|
| 1. | B.Voc.(All Stream) |
| 2. | M.Voc(All Stream) |

ਮਈ 2025 ਦੀਆਂ ਪ੍ਰੀਖਿਆਵਾਂ ਅਤੇ ਅੱਗੇ ਤੋਂ ਜਿਹੜੇ-ਜਿਹੜੇ ਕਾਲਜਾਂ ਵਿਚ ਉਪਰੋਕਤ ਕੋਰਸ ਚੱਲ ਰਹੇ ਹਨ, ਉਹਨਾਂ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਆਪਣੀ ਅਗਵਾਈ ਹੇਠ ਇਹਨਾਂ ਕੋਰਸਾਂ ਦੀਆਂ ਉੱਤਰ-ਕਾਪੀਆਂ ਦਾ ਵਿਸ਼ੇ ਨਾਲ ਸਬੰਧਤ ਅਧਿਆਪਕ ਸਾਹਿਬਾਨ ਤੋਂ ਮੁਲਾਂਕਣ ਕਰਵਾਕੇ ਅਵਾਰਡ ਆਨ-ਲਾਈਨ ਪੋਰਟਲ ਤੇ ਅਪਲੋਡ ਕਰਵਾਉਣਾ ਯਕੀਨੀ ਬਣਾਉਣ। ਉਪਰੋਕਤ ਕੋਰਸਾਂ ਦੇ ਮੁਲਾਂਕਣ ਸਬੰਧੀ ਕਿਸੇ ਵੀ ਕਿਸਮ ਦੀ ਅਦਾਇਗੀ ਕਾਲਜਾਂ ਨੂੰ ਨਹੀਂ ਕੀਤੀ ਜਾਵੇਗੀ। ਇਹਨਾਂ ਕੋਰਸਾਂ ਦੀਆਂ ਉੱਤਰ-ਕਾਪੀਆਂ ਦੇ ਮੁਲਾਂਕਣ 10 ਦਿਨਾਂ ਦੇ ਅੰਦਰ-ਅੰਦਰ ਕਰਨਾਂ ਯਕੀਨੀ ਬਣਾਉਣ। ਅਵਾਰਡ ਅਪਲੋਡ ਕਰਨ ਲਈ ਆਪ ਜੀ ਨੂੰ ਅਲੱਗ ਤੋਂ ਜਾਣਕਾਰੀ ਦਿੱਤੀ ਜਾਵੇਗੀ। ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਜਿਹੜੇ ਕਾਲਜਾਂ ਦੇ ਵਿਦਿਆਰਥੀਆਂ ਦੇ ਪ੍ਰੀਖਿਆ ਕੇਂਦਰ ਉਹਨਾਂ ਦੇ ਕਾਲਜਾਂ ਤੋਂ ਇਲਾਵਾ ਕਿਸੇ ਹੋਰ ਕਾਲਜ ਵਿਚ ਬਣਦੇ ਹਨ ਉਹ ਪੇਪਰ ਹੋਣ ਤੋਂ ਬਾਅਦ ਉਸੇ ਦਿਨ ਹੀ ਪ੍ਰੀਖਿਆ ਕੇਂਦਰ ਤੋਂ ਉੱਤਰ-ਕਾਪੀਆਂ ਇਕੱਤਰ ਕਰਨਾ ਯਕੀਨੀ ਬਣਾਉਣ। ਅਜਿਹਾ ਕਰਨ ਨਾਲ ਵਿਦਿਆਰਥੀਆਂ ਦਾ ਨਤੀਜਾ ਜਲਦੀ ਘੋਸ਼ਿਤ ਕੀਤਾ ਜਾ ਸਕਦਾ ਹੈ।

ਇਹ ਆਪ ਜੀ ਦੀ ਜਾਣਕਾਰੀ ਅਤੇ ਆਦੇਸ਼ ਹਿੱਤ।

ਸਹਾਇਕ ਰਜਿਸਟਰਾਰ(ਸੀਕਰੇਸੀ)

ਕੰਟਰੋਲਰ(ਪ੍ਰੀਖਿਆਵਾਂ)

07/05/2025

13.5.25

ਕੰਟਰੋਲਰ (ਪ੍ਰੀਖਿਆਵਾਂ) ਦਫਤਰ
ਡਾਇਰੀ ਨੰ: 3003?
ਮਿਤੀ: 07.05.25